بِسۡمِ اللّٰہِ الرَّحۡمٰنِ الرَّحِیۡمِ　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in　ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਨਿਮਰਤਾ ਦੀ ਰੋਸ਼ਨੀ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉੱਚੇ ਅਖ਼ਲਾਕ਼ ਦਾ ਦਿਲ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 15 ਮਈ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਅਸੀਂ ਇਸ ਗੱਲ 'ਤੇ ਯਕ਼ੀਨ ਅਤੇ ਇਮਾਨ ਰੱਖਦੇ ਹਾਂ ਕਿ ਜੇਕਰ ਦੁਨੀਆ ਵਿੱਚ ਕੋਈ ਮੁਕੰਮਲ ਇਨਸਾਨ ਪੈਦਾ ਹੋਇਆ ਹੈ ਤਾਂ ਉਹ ਹਜ਼ਰਤ ਮੁਹੰਮਦ ਮੁਸਤਫ਼ਾ ਸੱਲ-ਲੱਲਾਹੁ ਅਲੈਹਿ-ਵਸੱਲਮ ਹਨ। ਨਾ ਆਪ ﷺ ਤੋਂ ਪਹਿਲਾਂ ਅਤੇ ਨਾ ਬਾਅਦ ਵਿੱਚ ਕੋਈ **ਮੁਕੰਮਲ** ਇਨਸਾਨ ਪੈਦਾ ਹੋਇਆ ਹੈ। ਅੱਲਾਹ ਤਆਲਾ ਦੇ ਹੱਕਾਂ ਦੀ ਅਦਾਇਗੀ ਹੋਵੇ ਜਾਂ ਬੰਦਿਆਂ ਦੇ ਹੱਕਾਂ ਦੀ ਅਦਾਇਗੀ, ਆਪ ﷺ ਦੀ ਜ਼ਾਤ ਵਿੱਚ ਸਾਰੇ ਉੱਚੇ **ਅਖ਼ਲਾਕ਼** ਜਮ੍ਹਾ ਨਜ਼ਰ ਆਉਂਦੇ ਹਨ। ਆਪ ﷺ ਦੇ ਉੱਚੇ ਤਰੀਨ ਅਖ਼ਲਾਕ਼ ਵਿੱਚੋਂ ਇੱਕ ਖ਼ੁਲਕ਼ **ਨਿਮਰਤਾ** ਵੀ ਹੈ।

ਅੱਜ ਇਸੇ ਹਵਾਲੇ ਨਾਲ ਮੈਂ ਕੁੱਝ ਹਦੀਸਾਂ ਅਤੇ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੇ ਕੁੱਝ ਇਰਸ਼ਾਦ ਪੇਸ਼ ਕਰਾਂਗਾ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਨਬੀ ਕਰੀਮ ﷺ ਤੋਂ ਵਧ ਕੇ ਦੁਨੀਆ ਵਿੱਚ ਕਿਸੇ ਮੁਕੰਮਲ ਇਨਸਾਨ ਦਾ ਨਮੂਨਾ ਮੌਜੂਦ ਨਹੀਂ ਅਤੇ ਨਾ ਆਇੰਦਾ ਕ਼ਿਆਮਤ ਤੱਕ ਹੋ ਸਕਦਾ ਹੈ। ਫਿਰ ਦੇਖੋ ਕਿ ਚਮਤਕਾਰਾਂ ਦੇ ਮਿਲਣ 'ਤੇ ਵੀ ਹਜ਼ੂਰ ﷺ ਅੱਲਾਹ ਦੇ ਬੰਦੇ ਹੀ ਬਣ ਕੇ ਰਹੇ ਅਤੇ ਵਾਰ ਵਾਰ إِنَّمَا أَنَا بَشَرٌ مِّثۡلُكُمۡ ਹੀ ਫ਼ਰਮਾਉਂਦੇ ਰਹੇ।

ਫ਼ਰਮਾਇਆ: ਖ਼ਾਲੀ ਸ਼ੇਖ਼ੀਆਂ ਤੋਂ ਅਤੇ ਬਿਨਾ ਵਜ੍ਹਾ **ਹਉਮੈ** ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਨਿਮਰਤਾ ਇਖ਼ਤਿਆਰ ਕਰਨੀ ਚਾਹੀਦੀ ਹੈ। ਦੇਖੋ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਜੋ ਕਿ ਹਕ਼ੀਕ਼ਤ ਵਿੱਚ ਸਭ ਤੋਂ ਵੱਡੇ ਅਤੇ ਬਜ਼ੁਰਗੀ ਦੇ ਹੱਕਦਾਰ ਸਨ, ਉਨ੍ਹਾਂ ਦੀ ਨਿਮਰਤਾ ਦਾ ਇੱਕ ਨਮੂਨਾ ਕ਼ੁਰਆਨ ਵਿੱਚ ਮੌਜੂਦ ਹੈ। ਲਿਖਿਆ ਹੈ ਕਿ ਇੱਕ ਅੰਨ੍ਹਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਆ ਕੇ ਕ਼ੁਰਆਨ ਕਰੀਮ ਪੜ੍ਹਿਆ ਕਰਦਾ ਸੀ। ਇੱਕ ਦਿਨ ਆਪ ﷺ ਦੇ ਕੋਲ ਮੱਕੇ ਦੇ ਸਰਦਾਰ ਜਮ੍ਹਾ ਸਨ ਅਤੇ ਆਪ ﷺ ਉਨ੍ਹਾਂ ਨਾਲ ਗੱਲਾਂ ਵਿੱਚ **ਮਸਰੂਫ਼** ਸਨ। ਉਸ ਅੰਨ੍ਹੇ ਨੇ ਥੋੜੀ ਦੇਰ ਉਡੀਕ ਕੀਤੀ ਅਤੇ ਫਿਰ ਚਲਿਆ ਗਿਆ। ਫ਼ਰਮਾਇਆ, ਇਹ ਇੱਕ ਮਾਮੂਲੀ ਗੱਲ ਹੈ ਪਰ ਅੱਲਾਹ ਤਆਲਾ ਨੇ ਇਸ ਦੇ ਬਾਰੇ **ਸੂਰਤ** ਨਾਜ਼ਿਲ ਫ਼ਰਮਾ ਦਿੱਤੀ। ਇਸ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਉਸ ਦੇ ਘਰ ਗਏ ਅਤੇ ਉਸ ਨੂੰ ਨਾਲ ਲਿਆ ਕੇ ਆਪਣੀ ਮੁਬਾਰਕ ਚਾਦਰ 'ਤੇ ਬਿਠਾਇਆ। ਅਸਲ ਗੱਲ ਇਹ ਹੈ ਕਿ ਜਿਨ੍ਹਾਂ ਲੋਕਾਂ ਦੇ ਦਿਲਾਂ ਵਿੱਚ ਅੱਲਾਹ ਤਆਲਾ ਦੀ **ਅਜ਼ਮਤ** ਹੁੰਦੀ ਹੈ ਉਨ੍ਹਾਂ ਨੂੰ ਲਾਜ਼ਮੀ ਤੌਰ 'ਤੇ ਖ਼ਾਕਸਾਰ ਅਤੇ ਨਿਮਰਤਾਵਾਨ ਬਣਨਾ ਪੈਂਦਾ ਹੈ ਕਿਉਂਕਿ ਉਹ ਖ਼ੁਦਾ ਦੀ ਬੇ-ਨਿਆਜ਼ੀ ਤੋਂ ਹਮੇਸ਼ਾ ਡਰਦੇ ਰਹਿੰਦੇ ਹਨ।

ਹਜ਼ੂਰ ਅਨਵਰ ਨੇ ਫ਼ਰਮਾਇਆ: ਇਹ ਸਿਰਫ਼ ਇੱਕ ਵਾਕ਼ਿਆ ਨਹੀਂ ਜਿਹੜਾ ਕ਼ੁਰਆਨ ਕਰੀਮ ਵਿੱਚ ਬਿਆਨ ਹੋਇਆ ਹੈ ਜਾਂ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਬਿਆਨ ਫ਼ਰਮਾਇਆ ਹੈ ਬਲਕਿ ਇੱਕ ਸਬਕ਼ ਹੈ ਜਿਹੜਾ

ਸਾਨੂੰ ਦਿੱਤਾ ਗਿਆ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤੁਹਾਡੇ ਲਈ ਬਿਹਤਰੀਨ ਨਮੂਨਾ ਹਨ। ਬਸ ਜੇਕਰ ਆਪ ﷺ ਦੀ **ਮੁਹੱਬਤ** ਦਾ ਦਾਅਵਾ ਹੈ ਤਾਂ ਤੁਸੀਂ ਵੀ **ਨਿਮਰਤਾ** ਦੇ ਉੱਚੇ ਮਿਆਰ ਹਾਸਿਲ ਕਰਨ ਦੀ ਕੋਸ਼ਿਸ਼ ਕਰੋ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਹਰ ਇਨਸਾਨ ਦੇ ਸਿਰ ਨਾਲ਼ ਦੋ **ਬੇੜੀਆਂ** ਬਨ੍ਹੀਆਂ ਹੋਈਆਂ ਹੁੰਦੀਆਂ ਹਨ। ਇੱਕ ਬੇੜੀ ਅਸਮਾਨ ਵੱਲ ਹੈ ਅਤੇ ਇੱਕ ਬੇੜੀ ਜ਼ਮੀਨ ਵੱਲ ਹੈ। ਜਦ ਬੰਦਾ ਨਿਮਰਤਾ ਇਖ਼ਤਿਆਰ ਕਰਦਾ ਹੈ ਤਾਂ ਉਹ **ਫਰਿਸ਼ਤਾ** ਜਿਸ ਦੇ ਹੱਥ ਵਿੱਚ ਆਸਮਾਨ ਵਾਲ਼ੀ ਬੇੜੀ ਹੈ ਉਸ ਬੇੜੀ ਨੂੰ ਉੱਪਰ ਚੁੱਕ ਲੈਂਦਾ ਹੈ ਅਤੇ ਜਦ ਉਹ **ਗ਼ਰੂਰ** ਅਤੇ **ਹਉਮੈ** ਕਰਦਾ ਹੈ ਤਾਂ ਜ਼ਮੀਨ ਵਾਲ਼ੀ ਬੇੜੀ ਉਸ ਨੂੰ **ਥੱਲੇ** ਖਿੱਚ ਲੈਂਦੀ ਹੈ। ਆਪ ﷺ ਨੇ ਫ਼ਰਮਾਇਆ ਕਿ ਜਦ ਬੰਦਾ ਨਿਮਰਤਾ ਇਖ਼ਤਿਆਰ ਕਰਦਾ ਹੈ ਤਾਂ ਅੱਲਾਹ ਤਆਲਾ ਉਸ ਨੂੰ ਸਤਵੇਂ ਆਸਮਾਨ ਤੱਕ ਬੁਲੰਦ ਕਰ ਦਿੰਦਾ ਹੈ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਆਪਣੇ ਲਈ ਨਿਮਰਤਾ ਦੇ ਕੀ ਮਿਆਰ ਸਨ। ਇਸ ਹਵਾਲੇ ਨਾਲ਼ ਹਜ਼ਰਤ ਅਨਸ ਰਜ਼ਿ ਅੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਇੱਕ ਵਾਰ ਇੱਕ ਸ਼ਖ਼ਸ ਨੇ ਆਪ ﷺ ਨੂੰ ਮੁਖ਼ਾਤਿਬ ਕਰਕੇ ਕਿਹਾ ਕਿ ਐ ਸਾਡੇ ਸਰਦਾਰ ਇਬਨਿ ਸਰਦਾਰ! (ਐ ਸਾਡੇ ਸਰਦਾਰ ਅਤੇ ਸਰਦਾਰ ਦੇ ਬੇਟੇ) ਐ ਖ਼ੈਰ ਇਬਨਿ ਖ਼ੈਰ! (ਐ ਭਲਾਈ ਵਾਲ਼ੇ ਅਤੇ ਭਲਾਈ ਵਾਲ਼ੇ ਦੇ ਬੇਟੇ) ਉਸ ਦੀ ਇਹ ਗੱਲ ਸੁਣ ਕੇ ਆਪ ﷺ ਨੇ ਫ਼ਰਮਾਇਆ ਕਿ ਲੋਕੋ! **ਤਕ਼ਵੇ** ਨੂੰ ਆਪਣੇ ਉੱਤੇ ਲਾਜ਼ਮੀ ਕਰ ਲਓ, ਸ਼ੈਤਾਨ ਤੁਹਾਨੂੰ ਬਹਿਕਾ ਨਾ ਦੇਵੇ। ਮੈਂ ਮੁਹੰਮਦ ਬਿਨ ਅਬਦੁੱਲਾਹ ਹਾਂ ਅੱਲਾਹ ਦਾ **ਬੰਦਾ** ਅਤੇ ਉਸ ਦਾ **ਪੈਗ਼ੰਬਰ**। ਅੱਲਾਹ ਦੀ ਕ਼ਸਮ ਮੈਂ ਪਸੰਦ ਨਹੀਂ ਕਰਦਾ ਕਿ ਤੁਸੀਂ ਮੈਨੂੰ ਉਸ ਮਰਤਬੇ ਤੋਂ, ਜਿਹੜਾ ਮੈਨੂੰ ਅੱਲਾਹ ਤਆਲਾ ਨੇ ਦਿੱਤਾ ਹੈ, ਵਧਾ ਚੜ੍ਹਾ ਕੇ ਬਿਆਨ ਕਰੋ।

ਇਸੇ ਤਰ੍ਹਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਕਿਸੇ ਨੂੰ ਉਸ ਦੇ ਅਮਲ **ਜੰਨਤ** ਵਿੱਚ ਦਾਖ਼ਿਲ ਨਹੀਂ ਕਰਨਗੇ। ਸਹਾਬਾ ਨੇ ਕਿਹਾ ਕਿ ਐ ਅੱਲਾਹ ਦੇ ਰਸੂਲ! ਕੀ ਤੁਹਾਨੂੰ ਵੀ ਨਹੀਂ? ਆਪ ﷺ ਨੇ ਫ਼ਰਮਾਇਆ ਕਿ ਨਹੀਂ, ਮੈਨੂੰ ਵੀ ਨਹੀਂ, ਸਿਵਾਏ ਇਸ ਦੇ ਕਿ ਅੱਲਾਹ ਮੈਨੂੰ ਆਪਣੇ **ਫ਼ਜ਼ਲ** ਵਿੱਚ ਢੱਕ ਲਵੇ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੁਆ ਕਰਦੇ ਸਨ ਕਿ ਐ ਮੇਰੇ ਅੱਲਾਹ! ਮੈਨੂੰ **ਮਿਸਕੀਨ** ਦੇ ਤੌਰ 'ਤੇ ਜਿਉਂਦਾ ਰੱਖ ਅਤੇ ਮਿਸਕੀਨ ਦੇ ਤੌਰ 'ਤੇ ਮੌਤ ਦੇਣਾ ਅਤੇ ਮਿਸਕੀਨਾਂ ਦੇ ਗਿਰੋਹ ਵਿੱਚ ਮੈਨੂੰ ਉਠਾਉਣਾ। ਇੱਕ ਔਰਤ ਜਿਸ ਦੀ **ਅਕ਼ਲ** ਵਿੱਚ **ਫ਼ਰਕ਼** ਸੀ, ਉਸ ਨੇ ਆਪ ﷺ ਨੂੰ ਕਿਹਾ ਕਿ ਐ ਮੁਹੰਮਦ! ਮੈਨੂੰ ਤੁਹਾਡੇ ਨਾਲ਼ ਕੰਮ ਹੈ। ਆਪ ﷺ ਨੇ ਫ਼ਰਮਾਇਆ ਕਿ ਐ ਫ਼ਲਾਣੇ ਦੀ ਮਾਂ! ਤੂੰ ਜਿਸ ਗਲੀ ਵਿੱਚ ਵੀ ਚਾਹੁੰਦੀ ਹੈਂ, ਮੈਨੂੰ ਲੈ ਚੱਲ, ਇੱਥੋਂ ਤੱਕ ਕਿ ਮੈਂ ਤੇਰਾ ਕੰਮ ਕਰ ਦੇਵਾਂ।

ਹਜ਼ੂਰ ਅਨਵਰ ਨੇ ਫ਼ਰਮਾਇਆ: ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ **ਅਨਸਾਰ** ਦੇ ਕੋਲ਼ ਜਾਂਦੇ ਤਾਂ ਉਨ੍ਹਾਂ ਦੇ ਬੱਚਿਆਂ ਨੂੰ **ਸਲਾਮ** ਕਰਦੇ, ਉਨ੍ਹਾਂ ਦੇ ਸਿਰਾਂ 'ਤੇ **ਹੱਥ** ਫੇਰਦੇ ਅਤੇ ਉਨ੍ਹਾਂ ਲਈ ਦੁਆ ਕਰਦੇ ਸਨ। ਇੱਕ ਵਾਰ ਇੱਕ ਆਦਮੀ ਆਪ ﷺ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਇਆ ਅਤੇ ਆਪ ﷺ ਦੇ ਨਾਲ਼ ਗੱਲ ਕੀਤੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ **ਰੁਅਬ** ਦੀ ਵਜ੍ਹਾ ਨਾਲ਼ ਉਸ ਦੇ ਮੋਢੇ ਕੰਬਣ ਲੱਗੇ। ਆਪ ﷺ ਨੇ ਫ਼ਰਮਾਇਆ ਕਿ ਹੌਸਲਾ ਰੱਖ, ਮੈਂ ਕੋਈ ਬਾਦਸ਼ਾਹ ਨਹੀਂ ਹਾਂ। ਮੈਂ ਤਾਂ ਇੱਕ ਅਜਿਹੀ ਔਰਤ ਦਾ ਬੇਟਾ ਹਾਂ ਜਿਹੜੀ **ਖ਼ੁਸ਼ਕ ਮਾਸ** ਖਾਂਦੀ ਸੀ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਅੱਲਾਹ ਤਆਲਾ ਨੇ ਸਾਡੇ ਨਬੀ ﷺ ਨੂੰ ਜਿਵੇਂ ਜਿਵੇਂ ਕਾਮਯਾਬੀਆਂ ਅਤਾ ਕੀਤੀਆਂ ਆਪ ﷺ ਉਵੇਂ ਉਵੇਂ **ਨਿਮਰਤਾ** ਇਖ਼ਤਿਆਰ ਕਰਦੇ ਚਲੇ ਗਏ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਮੇਰੀ ਤਾਰੀਫ਼ ਵਧਾ ਚੜ੍ਹਾ ਕੇ ਨਾ ਕਰੋ ਜਿਵੇਂ ਕਿ ਇਸਾਈਆਂ ਨੇ ਇਬਨਿ ਮਰੀਅਮ عليه السلام ਦੀ ਤਾਰੀਫ਼ ਵਧਾ ਚੜ੍ਹਾ ਕੇ ਕੀਤੀ। ਮੈਂ ਤਾਂ ਸਿਰਫ਼ ਅੱਲਾਹ ਦਾ ਬੰਦਾ ਹਾਂ। ਤੁਸੀਂ ਸਿਰਫ਼ ਇਹ ਕਹੋ ਕਿ ਅੱਲਾਹ ਦਾ ਬੰਦਾ ਅਤੇ ਉਸ ਦਾ ਰਸੂਲ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਕਿਸੀ ਨੂੰ ਨਹੀਂ ਚਾਹੀਦਾ ਕਿ ਉਹ ਕਹੇ ਕਿ ਮੈਂ ਯੂਨਸ ਬਿਨ ਮਤੀ عليه السلام ਤੋਂ ਉੱਤਮ ਹਾਂ। ਬਾਵਜੂਦ ਉੱਤਮ ਹੋਣ ਦੇ ਆਪ ﷺ ਨੇ ਉੱਤਮਤਾ ਦੇ ਇਜ਼ਹਾਰ ਤੋਂ ਨਿਮਰਤਾ ਦੀ

ਵਜ੍ਹਾ ਕਾਰਨ ਮਨ੍ਹਾ ਫ਼ਰਮਾ ਦਿੱਤਾ। ਇੱਕ ਸ਼ਖ਼ਸ ਨੇ ਆਪ ﷺ ਨੂੰ **ਖ਼ੈਰੁਲ ਬਰਿੱਯਾ** (ਸਭ ਇਨਸਾਨਾਂ ਤੋਂ ਬਿਹਤਰ) ਕਹਿ ਕੇ ਮੁਖ਼ਾਤਿਬ ਕੀਤਾ। ਆਪ ﷺ ਨੇ ਫ਼ਰਮਾਇਆ ਕਿ ਉਹ ਇਬਰਾਹੀਮ ؑ ਸਨ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਯਕੀਨਨ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਸਭ ਇਨਸਾਨਾਂ ਵਿੱਚੋਂ ਬਿਹਤਰੀਨ ਸਨ ਅਤੇ ਹਨ ਅਤੇ **ਖ਼ੈਰੁਲ ਬਰਿੱਯਾ** ਹਨ ਪਰ ਆਪ ﷺ ਨੇ ਇੰਤਿਹਾਈ ਨਿਮਰਤਾ ਨਾਲ਼ ਉਸ ਨੂੰ ਹਜ਼ਰਤ ਇਬਰਾਹੀਮ ؑ ਦੇ ਵੱਲ ਮਨਸੂਬ ਕਰ ਦਿੱਤਾ।

ਜਦ ਮੱਕਾ ਫ਼ਤਿਹ ਹੋ ਗਿਆ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ 01 ਲੱਖ ਸਹਾਬਾ ਦੇ ਨਾਲ਼ ਹੱਜ ਕੀਤਾ ਅਤੇ ਉਸ ਵੇਲ਼ੇ ਆਪ ﷺ ਦੀ ਨਿਮਰਤਾ ਦਾ ਇਹ ਆਲਮ ਸੀ ਕਿ ਆਪ ﷺ ਨੇ ਇੱਕ ਆਮ ਕਜਾਵੇ ਵਾਲੀ ਸਵਾਰੀ ‘ਤੇ ਹੱਜ ਕੀਤਾ, ਆਪ ﷺ ਦੀ ਚਾਦਰ ਚਾਰ **ਦਿਰਹਮ** (ਕਰੰਸੀ) ਦੇ ਬਰਾਬਰ ਬਲਕਿ ਉਸ ਤੋਂ ਵੀ ਘੱਟ ਸੀ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਅਹਮਦ ਨਾਮ **ਜਮਾਲ** ਦਾ ਸੋਮਾ ਹੈ ਅਤੇ ਉਸ ਦੇ ਮੁਕ਼ਾਬਲੇ ਮੁਹੰਮਦ ਨਾਮ **ਜਲਾਲ** ਦਾ ਸੋਮਾ ਹੈ। ਵਜ੍ਹਾ ਇਹ ਕਿ ਮੁਹੰਮਦ ਨਾਮ ਵਿੱਚ **ਮਹਿਬੂਬੀਅਤ** ਦਾ ਰਾਜ਼ ਹੈ ਜਦਕਿ ਅਹਮਦ ਨਾਮ ਵਿੱਚ **ਆਸ਼ਕੀਅਤ** ਦਾ ਰਾਜ਼ ਲੁਕਿਆ ਹੋਇਆ ਹੈ। ਮਹਿਬੂਬੀਅਤ ਜਿਹੜੀ ਮੁਹੰਮਦ ਨਾਮ ਵਿੱਚ ਮਖ਼ਫ਼ੀ ਸੀ, ਸਹਾਬਾ ਦੇ ਜ਼ਰੀਆ ਜ਼ਹੂਰ ਵਿੱਚ ਆਈ ਅਤੇ ਜਿਹੜੇ ਲੋਕ ਬੇ-ਅਦਬੀ ਕਰਨ ਵਾਲ਼ੇ ਅਤੇ ਧੌਣਾਂ ਵੱਢਣ ਵਾਲ਼ੇ ਸਨ, ਮਹਿਬੂਬਿ ਇਲਾਹੀ ਹੋਣ ਦੇ ਜਲਾਲ ਨੇ ਉਨ੍ਹਾਂ ਦਾ ਸੋਧਾ ਲਾਇਆ।

ਹਜ਼ਰਤ ਅਨਸ ਰਜ਼ਿ ਅੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ **ਮਰੀਜ਼** ਦਾ ਹਾਲ ਪੁੱਛਦੇ, **ਜਨਾਜ਼ੇ** ‘ਤੇ ਤਸ਼ਰੀਫ਼ ਲਿਆਉਂਦੇ ਅਤੇ ਗਧੇ ‘ਤੇ ਸਵਾਰ ਹੋ ਜਾਂਦੇ, **ਗ਼ੁਲਾਮ** ਦੀ ਦਾਅਵਤ ਕ਼ਬੂਲ ਕਰਦੇ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਲੋਕਾਂ ਦੇ ਜਜ਼ਬਾਤ ਦਾ ਕਿੰਨਾ ਖ਼ਿਆਲ ਰੱਖਦੇ ਸਨ ਇਸ ਦੀ ਮਿਸਾਲ ਇਵੇਂ ਮਿਲ਼ਦੀ ਹੈ ਕਿ ਆਪ ﷺ ਨੇ ਇੱਕ ਵਾਰ ਇੱਕ **ਕੋੜ੍ਹੇ** (ਜਿਸ ਸ਼ਖ਼ਸ ਨੂੰ ਕੋੜ੍ਹ ਪਿਆ ਹੋਵੇ) ਦਾ ਹੱਥ ਫੜਿਆ ਅਤੇ ਉਸ ਨੂੰ ਆਪਣੇ ਨਾਲ਼ ਪਿਆਲੇ ਵਿੱਚ ਸ਼ਾਮਿਲ ਕੀਤਾ ਅਤੇ ਫ਼ਰਮਾਇਆ ਕਿ ਅੱਲਾਹ ਦਾ ਨਾਮ ਲੈ ਕੇ ਖਾ, ਉਸ ‘ਤੇ ਭਰੋਸਾ ਕਰਦੇ ਹੋਏ ਅਤੇ ਵਿਸ਼ਵਾਸ ਕਰਦੇ ਹੋਏ ਖਾ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇੱਕ ਸਫ਼ਰ ਵਿੱਚ ਬੱਕਰੀ ਦਾ **ਗੋਸ਼ਤ** ਪਕਾਉਣ ਦਾ ਇਰਸ਼ਾਦ ਫ਼ਰਮਾਇਆ। ਲੋਕਾਂ ਨੇ ਬੱਕਰੀ ਨੂੰ ਜ਼ਿਬਹ ਕਰਨ, ਖੱਲ ਲਾਹੁਣ ਅਤੇ ਖਾਣਾ ਪਕਾਉਣ ਵਰਗੇ ਕੰਮ ਆਪਣੇ ਆਪਣੇ ਜ਼ਿੰਮੇ ਲੈ ਲਏ। ਇਸ ‘ਤੇ ਆਪ ﷺ ਨੇ ਫ਼ਰਮਾਇਆ ਕਿ **ਲੱਕੜਾਂ** ਜਮ੍ਹਾ ਕਰਨਾ ਮੇਰੇ ਜ਼ਿੰਮੇ ਹੋਇਆ। ਸਹਾਬਾ ਨੇ ਅਰਜ਼ ਕੀਤਾ ਕਿ ਐ ਅੱਲਾਹ ਦੇ ਰਸੂਲ! ਅਸੀਂ ਆਪ ﷺ ਦੇ ਲਈ ਕਾਫ਼ੀ ਹਾਂ। ਇਸ ‘ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਫ਼ਰਮਾਇਆ ਕਿ ਮੈਂ ਜਾਣਦਾ ਹਾਂ ਕਿ ਤੁਸੀਂ ਕਾਫ਼ੀ ਹੋ ਪਰ ਮੈਂ ਨਹੀਂ ਚਾਹੁੰਦਾ ਕਿ ਮੈਂ ਤੁਹਾਡੇ ਵਿੱਚੋਂ **ਉਚੇਚਾ** ਹੋਵਾਂ ਕਿਉਂਕਿ ਅੱਲਾਹ ਤਆਲਾ ਪਸੰਦ ਨਹੀਂ ਕਰਦਾ ਕਿ ਉਸ ਦਾ ਬੰਦਾ ਲੋਕਾਂ ਵਿੱਚ ਉਚੇਚਾ ਨਜ਼ਰ ਆਵੇ।

ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਨੇ ਫ਼ਰਮਾਇਆ ਹੈ ਕਿ ਆਪ ﷺ ਘਰ ਦੇ ਕੰਮ ਕਾਜ ਵਿੱਚ ਘਰ ਵਾਲ਼ਿਆਂ ਦੀ **ਮਦਦ** ਕਰਦੇ ਸਨ ਅਤੇ ਜਦ ਨਮਾਜ਼ ਦਾ ਵੇਲ਼ਾ ਹੁੰਦਾ ਤਾਂ ਆਪ ﷺ ਨਮਾਜ਼ ਦੇ ਲਈ ਤਸ਼ਰੀਫ਼ ਲੈ ਜਾਂਦੇ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਵਿੱਚ ਉਨ੍ਹਾਂ ਮਰਦਾਂ ਦੇ ਲਈ ਵੀ ਹਿਦਾਇਤ ਹੈ ਜਿਹੜੇ ਘਰ ਦੇ ਕੰਮ ਕਾਜ ਤੋਂ ਬਿਲਕੁਲ ਇਨਕਾਰੀ ਹੋ ਜਾਂਦੇ ਹਨ ਅਤੇ ਫਿਰ ਪਤਨੀਆਂ ਨੂੰ ਸ਼ਿਕਾਇਤ ਪੈਦਾ ਹੁੰਦੀ ਹੈ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੀ **ਜੁੱਤੀ** ਦੀ ਆਪ ਗੰਢ ਲੈਂਦੇ ਸਨ, ਆਪਣਾ **ਕੱਪੜਾ** ਆਪ ਸੀ ਲੈਂਦੇ ਸਨ ਅਤੇ ਆਪਣੇ ਘਰ ਵਿੱਚ ਉਸੇ ਤਰ੍ਹਾਂ ਕੰਮ ਕਰਦੇ ਸਨ ਜਿਵੇਂ ਤੁਹਾਡੇ ਵਿੱਚੋਂ ਕੋਈ ਆਪਣੇ ਘਰ ਵਿੱਚ ਕੰਮ ਕਰਦਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਨਾਲ਼ ਇਹ ਵੀ ਪਤਾ ਲੱਗਾ ਕਿ ਸਹਾਬਾ ਵੀ ਆਪਣੇ ਘਰ ਵਿੱਚ ਪਤਨੀਆਂ ਦਾ ਹੱਥ ਵੰਡਾਇਆ ਕਰਦੇ ਸਨ। ਪਰ ਇੱਥੇ ਇਹ ਵੀ ਸਪਸ਼ਟ ਹੋਵੇ ਕਿ ਘਰ ਦੇ ਕੰਮ ਕਾਜ ਦੀ ਅਸਲ **ਜ਼ਿੰਮੇਦਾਰੀ** ਪਤਨੀਆਂ ਦੀ ਹੈ।

ਆਪ ﷺ ਨੇ ਹਮੇਸ਼ਾ ਤਰਜੀਹੀ **ਸਲੂਕ** ਤੋਂ ਇਨਕਾਰ ਕੀਤਾ। ਆਪ ﷺ ਨੇ ਮਸਜਿਦ ਨਬਵੀ ਦੀ ਤਾਮੀਰ ਵਿੱਚ **ਇੱਟਾਂ** ਢੋਣ ਦੇ ਕੰਮ ਵਿਚ ਲੋਕਾਂ ਦਾ ਸਾਥ ਦਿੱਤਾ, **ਸੁਰੰਗ** ਪੁੱਟੇ ਜਾਣ ਦੇ ਵੇਲੇ ਮਿੱਟੀ ਢੋਈ ਅਤੇ ਹਾਲਤ ਇਹ ਸੀ ਕਿ ਮਿੱਟੀ ਨੇ ਆਪ ﷺ ਦੇ ਸੀਨੇ ਦੇ ਵਾਲ਼ਾਂ ਨੂੰ ਲੁਕੋਇਆ ਹੋਇਆ ਸੀ।

ਇੱਕ ਮੌਕੇ 'ਤੇ ਸਹਾਬਾ ਆਪ ﷺ ਦੇ ਤਸ਼ਰੀਫ਼ ਲਿਆਉਣ 'ਤੇ ਖੜੇ ਹੋਏ ਤਾਂ ਆਪ ﷺ ਨੇ ਫ਼ਰਮਾਇਆ ਕਿ ਅਜਿਹਾ ਨਾ ਕਰੋ ਜਿਵੇਂ ਫ਼ਾਰਿਸ ਦੇ ਲੋਕ ਆਪਣੇ ਵੱਡਿਆਂ ਲਈ ਕਰਦੇ ਹਨ।

ਹਜ਼ਰਤ ਮੁਸ੍ਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੇ ਆਉਣ 'ਤੇ ਲੋਕਾਂ ਨੂੰ ਖੜੇ ਹੋਣ ਤੋਂ ਮਨ੍ਹਾ ਫ਼ਰਮਾਇਆ ਕਰਦੇ ਸਨ ਅਤੇ ਫ਼ਰਮਾਉਂਦੇ ਸਨ ਕਿ ਇਹ ਤਾਂ ਇਰਾਨੀਆਂ ਦਾ ਰਿਵਾਜ ਹੈ। ਮੈਂ ਕੋਈ ਬਾਦਸ਼ਾਹ ਨਹੀਂ ਹਾਂ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਮੇਰੇ ਨਜ਼ਦੀਕ ਪਾਕ ਹੋਣ ਦਾ ਇਹ ਉਮਦਾ ਤਰੀਕ਼ਾ ਹੈ ਕਿ ਮੁਮਕਿਨ ਨਹੀਂ ਕਿ ਇਸ ਤੋਂ ਬਿਹਤਰ ਕੋਈ ਤਰੀਕ਼ਾ ਮਿਲ਼ ਸਕੇ ਕਿ ਇਨਸਾਨ ਕਿਸੇ ਕ਼ਿਸਮ ਦਾ **ਹਉਮੈ** ਅਤੇ **ਫ਼ਖ਼ਰ** ਨਾ ਕਰੇ, ਨਾ ਇਲਮੀ, ਨਾ ਖ਼ਾਨਦਾਨੀ, ਨਾ ਮਾਲੀ.....ਇਨਸਾਨ ਜਦ ਤੱਕ ਇੱਕ ਗ਼ਰੀਬ ਅਤੇ ਬੇ-ਕਸ ਬੁੱਢੀ ਦੇ ਨਾਲ਼ ਉਹ ਅਖ਼ਲਾਕ਼ ਨਾ ਵਰਤੇ ਜਿਹੜਾ ਇੱਕ ਉੱਚੇ ਖ਼ਾਨਦਾਨ ਵਾਲ਼ੇ ਇਨਸਾਨ ਦੇ ਨਾਲ਼ ਵਰਤਦਾ ਹੈ ਜਾਂ ਵਰਤਣਾ ਚਾਹੀਦਾ ਹੈ ਅਤੇ ਹਰ ਇੱਕ ਤਰ੍ਹਾਂ ਦੇ **ਗ਼ਰੂਰ** ਅਤੇ **ਹਉਮੈ** ਅਤੇ **ਕਿਬਰ** ਤੋਂ ਆਪਣੇ ਆਪ ਨੂੰ ਨਾ ਬਚਾਵੇ, ਉਹ ਹਰਗਿਜ਼ ਖ਼ੁਦਾ ਤਆਲਾ ਦੀ ਬਾਦਸ਼ਾਹਤ ਵਿੱਚ ਦਾਖ਼ਿਲ ਨਹੀਂ ਹੋ ਸਕਦਾ।

ਅੱਲਾਹ ਤਆਲਾ ਸਾਨੂੰ ਨਿਮਰਤਾ ਦੀ ਹਕ਼ੀਕ਼ਤ ਨੂੰ ਸਮਝਣ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਉਸਵੇ ਨੂੰ ਹਮੇਸ਼ਾ ਸਾਹਮਣੇ ਰੱਖਣ ਦੀ ਤੌਫ਼ੀਕ਼ ਅਤਾ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِی الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞